# ਮਾਵਾਂ ਆਪਣਾ ਫ਼ਰਜ਼ ਪਛਾਨੰਣ

ਇਸ ਪੁਸਤਕ "ਮਾਵਾਂ ਆਪਣਾ ਫ਼ਰਜ ਪਛਾਨੰਣ" ਵਿਚੋਂ ਟੂਕ ਮਾਤਰ ਸਾਰ ਰਸ,

ਸਿਰਫ ਦਾੜੀ-ਕੇਸ ਹੀ ਸਿੱਖ ਦੀ ਪਛਾਣ ਨਹੀਂ, ਕਿਉਕਿ ਕੇਸ-ਦਾੜੀ ਤਾਂ ਹਰ ਮਨੁੱਖ ਨੂੰ ਰੱਬੀ ਗਿਫਟ (ਦਾਤ) ਮਿਲਿਆ ਹੋਇਆ ਹੈ। ਬਲਕਿ ਸੰਸਾਰ ਵਿਚ ਆਉਣ ਵਾਲਾ ਹਰ ਮਨੁੱਖ ਪਹਿਲਾ ਸਿੱਖ ਹੈ, ਬਾਅਦ ਚ ਕੁਝ ਹੋਰ। ਹੁਣ ਤਕ ਸੰਸਾਰ ਚ ਆਉਣ ਵਾਲੇ ਸਾਰੇ ਗੁਰੂ ਪੀਰ ਪੈਗੰਬਰ ਅਤੇ ਅਵਤਾਰੀ ਪੁਰਸ਼ ਸਾਬਤ ਸੂਰਤ ਸਨ। ਅਮਰੀਕਾ ਰੂਸ ਅਤੇ ਬਰਤਾਨੀਆਂ ਆਦ ਦੇਸਾਂ ਦੇ ਚੋਟੀ ਦੇ ਧਾਰਮਿਕ ਆਗੂ, ਵਿਦਵਾਨ ਅਤੇ ਵਿਗਿਆਨੀ ਲੋਕ ਸਾਬਤ ਸੂਰਤ ਸਨ। ਦਾੜੀ ਕੇਸ ਰੱਖਣ ਦੀ ਤੇ ਪੱਗ ਬਨੱਣ ਦੀ ਪ੍ਰੰਮਪਰਾ ਤਾਂ ਭਾਰਤ ਵਿਚ ਪੁਰਾਣੇ ਸਮੇਂ ਤੋਂ ਹੈ। ਪੁਰਾਣੇ ਸਮੇਂ ਵਿਚ ਤਾਂ ਸਾਰੇ ਲੋਕ ਦਾੜੀ ਕੇਸ ਦਾ ਪੂਰਾ ਸਤਿਕਾਰ ਕਰਦੇ ਸਨ। ਕਹਿਣ ਦਾ ਭਾਵ ਕੋਈ ਵਕਤ ਐਸਾ ਸੀ ਜਦ ਭਾਰਤ ਦੇ ਸਾਰੇ ਲੋਕ ਦਾੜੀ ਕੇਸ ਵਾਲੇ ਸਨ। ਦਾੜੀ ਕੇਸ ਰੱਖਣਾ ਪੁਰਾਤਨ ਸੰਸਕ੍ਰਿਤੀ ਦਾ ਇਕ ਅਹਿੰਮ ਅੰਗ ਸੀ। ਸ਼ਾਇਦ ਹੀ ਕਿਸੇ ਨੂੰ ਇਹ ਪਤਾ ਹੋਵੇ ਕਿ ਦਾੜੀ-ਕੇਸ ਹਰ ਮਨੁੱਖ ਲਈ ਕਿੰਨੇ ਲਾਭ-ਦਾਇਕ ਹਨ। ਵਾਲ ਨਾ ਕਟੱਣ ਦੇ ਮਨੁੱਖ ਨੂੰ ਜੋ ਫਾਇਦੇ ਹਨ, ਵਿਸਥਾਰ ਨਾਲ ਦਸਣ ਲਈ 100 ਪੰਨੇ ਵੀ ਘਟ ਪੈ ਜਾਣਗੇ। ਰਿਸ਼ੀਆਂ ਮੁਨੀਆਂ ਦੇ ਦੇਸ਼ ਵਾਸੀਆਂ ਨੂੰ ਕਮ ਸੇ ਕਮ ਆਪਣੇ ਪੂਰਵਲੇ ਪੁਰਖਾਂ ਦੀ ਮਰਿਆਦਾ ਦੇ ਪਾਬੰਧ ਤਾਂ ਹੋਣਾ ਚਾਹੀਦਾ ਹੈ ਜੋ ਭਾਰਤੀ ਨਾਗਰਿਕ ਨੂੰ ਭਾਰਤੀ ਹੋਣ ਦੀ ਪੱਕੀ ਗਵਾਹੀ ਭਰਦਾ ਹੈ। ਅਜ ਦਾ ਸਾਧੂ ਸਮਾਜ ਜਿਨਾਂ ਨੂੰ ਟੀ ਵੀ ਚੈਨਲਾਂ ਤੇ ਆਮ ਦੇਖਿਆ ਜਾਂਦਾ ਹੈ, ਸਵਾਮੀ ਸ੍ਰੀ ਸ੍ਰੀ ਰਵੀ ਸੰਕਰ, ਸ੍ਰੀ ਹਰੀ ਚੇਤਨਿਯ ਪੁਰੀ, ਬਾਪੂ ਆਸਾ ਰਾਮ, ਸਵਾਮੀ ਰਾਮ ਦੇਵ, ਸਵਾਮੀ ਸਤਿਆ ਅਨੰਦ, ਸਵਾਮੀ ਓਮ ਪ੍ਰਕਾਸ਼ ਜੀ ਆਦਿ ਜੋ ਸਾਬਤ ਸੂਰਤ ਹਨ, ਤੇ ਆਪਣੇ ਆਪ ਨੂੰ ਮਹਾਂ-ਰਿਸੀ ਤਾਂ ਸਮਝਦੇ ਹਨ, ਪਰ ਆਪਣੇ ਸੇਵਕਾਂ ਨੂੰ ਸਾਬਤ ਸੂਰਤ ਰਹਿਣ ਦੀ ਕਦੇ ਵੀ ਹਦਾਇਤ ਨਹੀਂ ਕਰਦੇ? ਜੇਕਰ ਕੋਈ ਜੁਗਿਆਸੂ ਇਨਾਂ ਤੋਂ ਕੇਸ-ਦਾੜੀ ਬਾਰੇ ਪੁਛਦਾ ਹੈ, ਤਾਂ ਇਹ ਸਾਧੂਆਂ ਦੀ ਮੰਡਲੀ ਆਪਣੇ ਆਪ ਨੂੰ ਪੁਰਾਤਨ ਰਿਸ਼ੀਆਂ ਮੁਨੀਆਂ ਨਾਲ ਜੋੜਦੇ ਹਨ। ਜਦ ਕਿ ਸਾਰੇ ਸਿੱਖ ਗੁਰੂਆਂ ਨੇ ਆਪਣੇ ਸਿੱਖ ਸੇਵਕਾਂ ਨੂੰ ਆਪਣੇ ਵਰਗੇ ਸਾਬਤ ਸੂਰਤ ਰਹਿਣ ਦੀ ਹਦਾਇਤ ਕੀਤੀ ਹੈ। ਭਾਰਤ ਵਿਚ ਅਜ ਵੀ ਐਸੇ ਅਨੇਕ ਮੰਦਰ ਹਨ, ਜਿਨਾਂ ਦੇ ਪੁਜਾਰੀ ਸਾਬਤ ਸੂਰਤ ਹਨ। ਦੇਸ਼-ਵਾਸੀ ਸੰਜੀਦਗੀ ਨਾਲ ਸੋਚਣ ਕਿ ਦਾੜੀ ਕੇਸ ਕਟੱਣ ਦੀ ਇਨਾਂ ਦੀ ਕਿਆ ਮਜਬੂਰੀ ਹੈ, ਜੋ ਭਾਰਤੀ ਹੋਣ ਦੇ ਗੌਰਵ ਤੋਂ ਆਪਣੇ ਆਪ ਮਰਹੂਮ ਹੋ ਰਹੇ ਹਨ। ਸਿੱਖ ਧਾਰਮਿਕ ਆਗੂ ਪਤਿੱਤ ਹੋਣ ਬਾਰੇ ਕਿੰਨਾ ਵੀ ਰੌਲ੍ਹਾ ਰੱਪਾ ਪਾਉਦੇ ਰਹਿਣ, ਪਰ ਇਹ ਪਤਿੱਤ ਹੋਣ ਦਾ ਕੋੜ੍ਹ ਰੁਕਣ ਵਾਲਾ ਨਹੀਂ? ਜਦ ਤੱਕ ਸਿੱਖ ਮਾਵਾਂ ਆਪਣਾ ਫ਼ਰਜ ਨਾ ਪਛਾਨੰਣ। ਹੋਣਾ ਤਾਂ ਇਹ ਚਾਹੀਦਾ ਹੈ ਕਿ ਮਾਂ ਆਪਣੇ ਬਚਿਆਂ ਨੂੰ ਬਚਪਨ ਤੋਂ ਹੀ ਪ੍ਰੇਰਨਾ ਕਰੇ ਤੇ ਸਮਝਾਵੇ ਕਿ ਦਾੜੀ-ਕੇਸ ਅਤੇ ਦਸਤਾਰ ਸਿੱਖ ਦੀ ਫਤਹਿ ਦੀ ਨਿਸ਼ਾਨੀ ਹੈ। ਇਸ ਆਨ ਸ਼ਾਨ ਨੂੰ (ਅਣਖ) ਕਾਇਮ ਰੱਖਣ ਲਈ ਤੁਹਾਡੇ ਵਿਚਾਰ ਵਿਵਹਾਰ ਅਤੇ ਕਿਰਦਾਰ ਤੌਂ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੀ ਝਲਕ ਹੋਣੀ ਚਾਹੀਦੀ ਹੈ। ਤੁਹਾਡਾ ਹਰ ਮਿਲਾਪੀ ਇਹ ਮਹਿਸੂਸ ਕਰੇ, ਕਿ ਇਹ ਦਸਤਾਰ ਵਾਲਾ ਗੁਰੂ ਨਾਨਕ ਦਾ ਸੱਚਾ ਸਿੱਖ ਹੈ।

**ਨਵ ਯੁਗ ਚੇਤਨਾ ਸਮਾਜ**

**Web Site :** **NavYugChetnaSamaj.com**
**Email Address:** **JsKotli@NavYugChetnaSamaj.com**
**Address:** **1718/4 Gobind Puri Extn. Kalka Ji,**
**New Delhi - 110019**
**Phone:** **Delhi – 011 - 26023561**